## County of Sacramento ਦੀ ਦੁਬਾਰਾ ਵੰਡ ਕਰਨ ਦੀ ਪ੍ਰਕਿਰਿਆ

ਹਰ ਦਸ ਸਾਲਾਂ ਵਿੱਚ, ਸਥਾਨਕ ਸਰਕਾਰਾਂ ਆਪਣੇ ਜ਼ਿਲ੍ਹਿਆਂ ਦੇ ਨਕਸ਼ਿਆਂ ਨੂੰ ਦੁਬਾਰ ਵੰਡਣ ਲਈ ਜਨਗਣਨਾ ਦੇ ਨਵੇਂ ਅੰਕੜਿਆਂ ਦੀ ਵਰਤੋਂ ਕਰਦੀਆਂ ਹਨ, ਤਾਂ ਕਿ ਇਹ ਦਰਸਾਇਆ ਜਾ ਸਕੇ ਕਿ ਸਥਾਨਕ ਆਬਾਦੀ ਕਿਵੇਂ ਬਦਲ ਗਈ ਹੈ। ਅਸੈਂਬਲੀ ਬਿੱਲ 849 (2019) ਦੇ ਅਨੁਸਾਰ ਸ਼ਹਿਰਾਂ ਅਤੇ ਕਾਊਂਟੀਆਂ ਨੂੰ ਜਨਤਕ ਸੁਣਵਾਈਆਂ ਅਤੇ/ਜਾਂ ਵਰਕਸ਼ਾਪਾਂ ਨੂੰ ਆਯੋਜਿਤ ਕਰਕੇ ਅਤੇ ਗੈਰ-ਅੰਗਰੇਜ਼ੀ ਭਾਸ਼ਾ ਬੋਲਣ ਵਾਲੇ ਭਾਈਚਾਰਿਆਂ ਸਮੇਤ ਜਨਤਕ ਪਹੁੰਚ ਕਰਕੇ ਦੁਬਾਰਾ ਵੰਡ ਕਰਨ ਦੀ ਪ੍ਰਕਿਰਿਆ ਵਿੱਚ ਭਾਈਚਾਰਿਆਂ ਦੀ ਸ਼ਮੂਲੀਅਤ ਕਰਵਾਉਣ ਦੀ ਜ਼ਰੂਰਤ ਹੁੰਦੀ ਹੈ।

### ਦੁਬਾਰਾ ਵੰਡ ਕਰਨ ਦੀ ਪ੍ਰਕਿਰਿਆ ਤੋਂ ਕੀ ਭਾਵ ਹੈ?
ਹਰ ਦਸ ਸਾਲਾਂ ਵਿੱਚ, ਜ਼ਿਲ੍ਹਿਆਂ ਨੂੰ 1965 ਦੇ ਵੋਟਿੰਗ ਅਧਿਕਾਰ ਦੇ ਐਕਟ ਦੀ ਪਾਲਣਾ ਅਨੁਸਾਰ ਦੁਬਾਰਾ ਵੰਡਿਆ ਜਾਣਾ ਚਾਹੀਦਾ ਹੈ, ਤਾਂ ਜੋ ਹਰੇਕ ਜ਼ਿਲ੍ਹੇ ਦੀ ਆਬਾਦੀ ਬਰਾਬਰ ਹੋਵੇ। ਇਹ ਪ੍ਰਕਿਰਿਆ, ਜਿਸ ਨੂੰ ਦੁਬਾਰਾ ਵੰਡ ਕਰਨ ਦੀ ਪ੍ਰਕਿਰਿਆ ਕਿਹਾ ਜਾਂਦਾ ਹੈ, ਮਹੱਤਪੂਰਨ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਬੋਰਡ ਦਾ ਮੈਂਬਰ ਇਕੋ ਜਿਹੇ ਸੰਘਟਕਾਂ (ਵੋਟਰਾਂ) ਦੀ ਪ੍ਰਤੀਨਿਧਤਾ ਕਰਦਾ ਹੈ।

Sacramento ਕਾਊਂਟੀ ਵਿੱਚ, ਸੁਪਰਵਾਈਜ਼ਰ ਬੋਰਡ ਸੁਪਰਵਾਈਜ਼ਰ ਜ਼ਿਲ੍ਹਿਆਂ ਦੀ ਵੰਡ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ। ਯੂ.ਐਸ. ਦੀ ਜਨਗਣਨਾ ਡੇਟਾ ਦੀ ਵਰਤੋਂ ਕਰਕੇ ਦੁਬਾਰਾ-ਵੰਡ ਦੀ ਪ੍ਰਕਿਰਿਆ ਕੀਤੀ ਜਾਂਦੀ ਹੈ, ਜਿਸਨੂੰ ਅਸਲ ਵਿੱਚ 31 ਮਾਰਚ, 2021 ਦੇ ਆਸ-ਪਾਸ ਦੇ ਸਮੇਂ ਵਿੱਚ ਜਾਰੀ ਕੀਤਾ ਜਾਣਾ ਸੀ। ਹਾਲਾਂਕਿ, COVID ਦੇ ਕਾਰਨ, ਡੇਟਾ ਜਾਰੀ ਕਰਨ ਵਿੱਚ ਸਤੰਬਰ 2021 ਤੱਕ ਦੇਰੀ ਹੋਣ ਦੀ ਉਮੀਦ ਹੈ। County of Sacramento ਲਈ, ਦੁਬਾਰਾ ਵੰਡਣ ਦੀ ਪ੍ਰਕਿਰਿਆ 15 ਦਸੰਬਰ, 2021 ਤੱਕ ਪੂਰੀ ਹੋਣੀ ਚਾਹੀਦੀ ਹੈ।

### ਦੁਬਾਰਾ ਵੰਡ ਕਰਨ ਦੀ ਪ੍ਰਕਿਰਿਆ ਮੇਰੇ ਲਈ ਮਹੱਤਵਪੂਰਣ ਕਿਉਂ ਹੈ?
ਦੁਬਾਰਾ ਵੰਡ ਕਰਨ ਦੀ ਪ੍ਰਕਿਰਿਆ ਇਹ ਨਿਰਧਾਰਤ ਕਰਦੀ ਹੈ ਕਿ ਬੋਰਡ ਦੇ ਮੈਂਬਰ ਨੂੰ ਚੁਣਨ ਦੇ ਉਦੇਸ਼ਾਂ ਲਈ ਕਿਹੜੇ ਗੁਆਂਢ ਅਤੇ ਭਾਈਚਾਰਿਆਂ ਨੂੰ ਇੱਕ ਜ਼ਿਲੇ ਦੇ ਸਮੂਹ ਵਿੱਚ ਸ਼ਾਮਲ ਕੀਤਾ ਗਿਆ ਹੈ। ਸੁਪਰਵਾਈਜ਼ਰ ਦਾ ਬੋਰਡ ਸਾਡੇ ਸੁਪਰਵਾਈਜ਼ਰੀ ਜ਼ਿਲ੍ਹਿਆਂ ਲਈ ਅਗਲੇ ਜ਼ਿਲ੍ਹੇ ਦੇ ਨਕਸ਼ੇ ਦੀ ਚੋਣ ਕਰਨ ਲਈ ਇਨਪੁੱਟ ਦੀ ਮੰਗ ਕਰੇਗਾ। ਤੁਹਾਡੇ ਕੋਲ ਸੁਪਰਵਾਈਜ਼ਰਾਂ ਦੇ ਬੋਰਡ ਨਾਲ ਇਹ ਸਾਂਝਾ ਕਰਨ ਦਾ ਮੌਕਾ ਹੈ ਕਿ ਤੁਹਾਨੂੰ ਕੀ ਲੱਗਦਾ ਹੈ ਕਿ ਤੁਹਾਡੇ ਭਾਈਚਾਰੇ ਨੂੰ ਸਰਬੋਤਮ ਢੰਗ ਨਾਲ ਪੇਸ਼ ਕਰਨ ਲਈ ਜ਼ਿਲ੍ਹੇ ਦੀਆਂ ਹੱਦਾਂ ਕਿਵੇਂ ਖਿੱਚੀਆਂ ਜਾਣੀਆਂ ਚਾਹੀਦੀਆਂ ਹਨ।

### ਮੌਜੂਦਾ ਸੁਪਰਵਾਈਜ਼ਰੀ ਜ਼ਿਲ੍ਹੇ ਕਿਸ ਤਰ੍ਹਾਂ ਦਿਖਾਈ ਦਿੰਦੇ ਹਨ?
ਤੁਸੀਂ ਇੱਥੇ ਕਾਉਂਟੀ ਦੇ ਮੌਜੂਦਾ ਸੁਪਰਵਾਈਜ਼ਰੀ ਜ਼ਿਲ੍ਹਿਆਂ ਦਾ ਨਕਸ਼ਾ ਪ੍ਰਾਪਤ ਕਰ ਸਕਦੇ ਹੋ। ਤੁਸੀਂ ਇੱਥੇ ਵਿਅਕਤੀਗਤ ਜ਼ਿਲ੍ਹੇ ਦੇ ਨਕਸ਼ੇ ਦੇਖ ਸਕਦੇ ਹੋ।

### ਜ਼ਿਲੇ ਦੀ ਹੱਦ ਖਿੱਚਣ ਵੇਲੇ ਸਾਡਾ ਸੁਪਰਵਾਈਜ਼ਰੀ ਬੋਰਡ ਕਿਹੜੇ ਮਾਪਦੰਡਾਂ ਦੀ ਵਰਤੋਂ ਕਰੇਗਾ?
ਅਭਿਆਸਯੋਗ ਸੀਮਾ ਤੱਕ, ਜ਼ਿਲ੍ਹੇ ਸੰਬੰਧੀ ਲਾਈਨਾਂ ਨੂੰ ਹੇਠ ਦਿੱਤੇ ਮਾਪਦੰਡਾਂ ਦੀ ਵਰਤੋਂ ਨਾਲ ਅਪਣਾਇਆ ਜਾਵੇਗਾ:
(1) ਭੂਗੋਲਿਕ ਤੌਰ 'ਤੇ ਇਕਸਾਰ ਜ਼ਿਲ੍ਹੇ (ਹਰੇਕ ਸੁਪਰਵਾਈਜ਼ਰ ਜ਼ਿਲ੍ਹੇ ਨੂੰ ਅਗਲੀ ਸੀਮਾ ਦੇ ਨਾਲ ਇੱਕ ਸਾਂਝੀ ਸਰਹੱਦ ਨੂੰ ਸਾਂਝਾ ਕਰਨਾ ਚਾਹੀਦਾ ਹੈ)
(2) ਸਥਾਨਕ ਗੁਆਂਢ ਜਾਂ ਭਾਈਚਾਰਿਆਂ ਦੀ ਭੂਗੋਲਿਕ ਅਖੰਡਤਾ ਦਾ ਅਜਿਹੇ ਢੰਗ ਨਾਲ ਪ੍ਰਬੰਧ ਕੀਤਾ ਜਾਵੇਗਾ, ਜੋ ਇਸਦੀ ਵੰਡ ਨੂੰ ਘੱਟ ਕਰਦਾ ਹੈ

(3) ਕਿਸੇ ਸ਼ਹਿਰ ਦੀ ਭੂਗੋਲਿਕ ਅਖੰਡਤਾ ਦਾ ਅਜਿਹੇ ਤਰੀਕੇ ਨਾਲ ਪ੍ਰਬੰਧ ਕੀਤਾ ਜਾਵੇਗਾ, ਜੋ ਇਸਦੀ ਵੰਡ ਨੂੰ ਘੱਟ ਕਰਦਾ ਹੈ
(4) ਅਸਾਨੀ ਨਾਲ ਪਛਾਣਨ ਯੋਗ ਸੀਮਾਵਾਂ, ਜੋ ਕੁਦਰਤੀ ਜਾਂ ਨਕਲੀ ਰੁਕਾਵਟਾਂ (ਨਦੀਆਂ, ਗਲੀਆਂ, ਰਾਜਮਾਰਗਾਂ, ਰੇਲ ਲਾਈਨਾਂ, ਆਦਿ) ਦੀ ਪਾਲਣਾ ਕਰਦੀਆਂ ਹਨ
(5) ਲਾਈਨਾਂ ਭੂਗੋਲਿਕ ਸੰਖੇਪਤਾ ਨੂੰ ਉਤਸ਼ਾਹਤ ਕਰਨ ਲਈ ਖਿੱਚੀਆਂ ਜਾਣਗੀਆਂ। ਇਸਤੋਂ ਇਲਾਵਾ, ਕਿਸੇ ਰਾਜਨੀਤਿਕ ਪਾਰਟੀ ਦੇ ਪੱਖ ਵਿੱਚ ਹੋਣ ਜਾਂ ਪੱਖਪਾਤ ਕਰਨ ਦੇ ਉਦੇਸ਼ਾਂ ਲਈ ਸੀਮਾਵਾਂ ਨਹੀਂ ਖਿੱਚੀਆਂ ਜਾਣਗੀਆਂ।

**ਸੁਪਰਵਾਈਜ਼ਰ ਦਾ ਬੋਰਡ ਲੋਕਾਂ ਨੂੰ ਦੁਬਾਰਾ ਵੰਡ ਕਰਨ ਦੀ ਪ੍ਰਕਿਰਿਆ ਬਾਰੇ ਕਿਵੇਂ ਸੂਚਿਤ ਕਰੇਗਾ?**
ਕਾਊਂਟੀ, Sacramento County ਦੇ ਵਸਨੀਕਾਂ ਦੁਆਰਾ ਸ਼ਮੂਲੀਅਤ ਕਰਨ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਇਸ ਵੈੱਬਪੇਜ ਦੇ ਰਾਹੀਂ, ਸੋਸ਼ਲ ਮੀਡੀਆ 'ਤੇ, ਇੱਕ ਦੁਬਾਰਾ ਵੰਡ ਕਰਨ ਦੀ ਪ੍ਰਕਿਰਿਆ ਸੰਬੰਧੀ ਜਾਣਕਾਰੀ ਈਮੇਲ ਵੰਡ ਸੂਚੀ, ਸਥਾਨਕ ਮੀਡੀਆ ਅਤੇ ਭਾਈਚਾਰਕ ਸੰਸਥਾਵਾਂ ਅਤੇ ਭਾਗੀਦਾਰੀਆਂ ਦੁਆਰਾ ਜਾਣਕਾਰੀ ਪ੍ਰਦਾਨ ਕਰੇਗੀ। ਜਾਣਕਾਰੀ ਵਿੱਚ ਜਨਤਕ ਵਰਕਸ਼ਾਪਾਂ, ਜਨਤਕ ਸੁਣਵਾਈਆਂ, ਖਰੜੇ ਦੇ ਨਕਸ਼ੇ, ਤੁਹਾਡੇ ਜ਼ਿਲ੍ਹੇ ਲਈ ਸੀਮਾ ਸੰਬੰਧੀ ਲਾਈਨਾਂ ਕੱਢਣ ਦਾ ਤਰੀਕਾ, ਅਤੇ ਹੋਰ ਬਹੁਤ ਕੁਝ ਸ਼ਾਮਲ ਹੋਵੇਗਾ।

**ਮੈਂ ਕਿਵੇਂ ਸ਼ਾਮਲ ਹੋ ਸਕਦਾ/ਦੀ ਹਾਂ?**
ਸੁਪਰਵਾਈਜ਼ਰ ਦਾ ਬੋਰਡ ਜਨਤਕ ਇਨਪੁਟ ਪ੍ਰਾਪਤ ਕਰਨ ਲਈ ਸੁਣਵਾਈ ਕਰੇਗਾ ਕਿ ਜ਼ਿਲ੍ਹੇ ਸੰਬੰਧੀ ਲਾਈਨਾਂ ਕਿੱਥੇ ਖਿੱਚੀਆਂ ਜਾਣੀਆਂ ਚਾਹੀਦੀਆਂ ਹਨ। ਵਸਨੀਕ redistricting@saccounty.net 'ਤੇ ਈਮੇਲ ਭੇਜਕੇ ਸੁਝਾਏ ਗਏ ਖਰੜੇ ਦੇ ਨਕਸ਼ਿਆਂ ਸਮੇਤ, ਜਨਤਕ ਟਿੱਪਣੀਆਂ ਵੀ ਪੇਸ਼ ਕਰ ਸਕਦੇ ਹਨ।

**ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?**
ਕਾਊਂਟੀ ਇਸ ਵੈੱਬਸਾਈਟ 'ਤੇ ਆਪਣੀ ਦੁਬਾਰਾ ਵੰਡ ਕਰਨ ਦੀ ਪ੍ਰਕਿਰਿਆ ਬਾਰੇ ਇੱਕ ਵੈੱਬਪੇਜ ਪੇਸ਼ ਕਰਦੀ ਹੈ: www.SacCounty.net/Redistricting